NSW ਦਾ ਸਿਖਿਆ ਵਿਭਾਗ

**Learning to work with letters and numbers**

**Family resources**



# ਅੱਖਰਾਂ ਅਤੇ ਅੰਕਾਂ ਨਾਲ ਕੰਮ ਕਰਨਾ ਸਿੱਖਣਾ

## ਪਰਿਵਾਰਕ ਸਰੋਤ

ਸਿਖਿਆ ਦੇ ਮੁਢਲੇ ਸਾਲਾਂ ਦਾ ਸਿਖਿਆ ਢਾਂਚਾ (Early Years Learning Framework) ਇੱਕ ਰਾਸ਼ਟਰੀ ਢਾਂਚਾ ਹੈ ਜੋ ਮੁਢਲੇ ਸਕੂਲਾਂ (ਪ੍ਰੀਸਕੂਲਜ਼) ਅਤੇ ਬਚਪਨ ਦੀਆਂ ਸਾਰੀਆਂ ਸੇਵਾਵਾਂ ਵਿੱਚ ਵਰਤਿਆ ਜਾਂਦਾ ਹੈ। ਇਹ ਸਿਖਲਾਈ ਦੇ ਪੰਜ ਨਤੀਜਿਆਂ ਨਾਲ ਮਾਰਗ ਦਰਸ਼ਨ ਕਰਾਉਂਦਾ ਹੈ ਜੋ ਬੱਚਿਆਂ ਨੂੰ ਮਜਬੂਤ ਅਤੇ ਸਮਰੱਥ ਸਿਖਣ ਵਾਲੇ ਬਣਨ ਵਿੱਚ ਸਹਾਇਤਾ ਕਰਦੇ ਹਨ।

ਪੰਜਵਾਂ (5) ਨਤੀਜਾ ਬੱਚਿਆਂ ਦੇ ਪ੍ਰਭਾਵਸ਼ਾਲੀ ਸੰਚਾਰਕ ਬਣਨ ਬਾਰੇ ਹੈ। ਇਸ ਦਾ ਮਤਲਬ ਹੈ ਕਿ ਉਹ ਭਾਸ਼ਾ ਬਾਰੇ ਸਿੱਖ ਸਕਦੇ ਹਨ, ਸੁਣ ਕੇ ਅਵਾਜ਼ਾਂ, ਕਹਾਣੀਆਂ ਅਤੇ ਗਾਣਿਆਂ ਵਿੱਚਲੀਆਂ ਅਵਾਜ਼ਾਂ ਅਤੇ ਨਮੂਨਿਆਂ ਬਾਰੇ ਦੱਸ ਸਕਦੇ ਹਨ ਅਤੇ ਉਨ੍ਹਾਂ ਬਾਰੇ ਜਵਾਬ ਦੇ ਸਕਦੇ ਹਨ। ਬੱਚੇ ਆਪਣੀ ਰੋਜ਼ਮਰਾ ਦੀ ਜ਼ਿੰਦਗੀ ਵਿੱਚ ਤਕਨੌਲਜੀ ਦੀ ਵਰਤੋਂ ਕਰ ਕੇ ਨਵੀਂ ਜਾਣਕਾਰੀ ਦੀ ਪੜਚੋਲ ਅਤੇ ਆਪਣੇ ਵਿਚਾਰਾਂ ਦੀ ਨੁਮਾਇੰਦਗੀ ਕਰ ਸਕਦੇ ਹਨ। ਉਹ ਗਣਿਤ ਦੀਆਂ ਧਾਰਨਾਵਾਂ ਜਿਵੇਂ ਨੰਬਰਾਂ, ਗਿਣਤੀ, ਮਾਪ ਅਤੇ ਆਕਾਰ ਬਾਰੇ ਸਿੱਖਦੇ ਹਨ।

ਸਖਿਆ ਦੇ ਮੁਢਲੇ ਸਾਲਾਂ ਦਾ ਸਖਿਆ ਢਾਂਚਾ (Early Years Learning Framework) ਬਾਰੇ ਵਧੇਰੇ ਜਾਣਕਾਰੀ ਲਈ ਇਥੇ ਜਾਓ: https://www.education.gov.au/collections/translations-belonging-being-and-becoming-early-years-learning-framework-australia

### ਟੈਲੀਫੋਨ ਦੁਭਾਸ਼ਿਆਈ ਸੇਵਾ

ਜੇ ਤੁਹਾਨੂੰ ਵਧੇਰੇ ਜਾਣਕਾਰੀ ਦੀ ਲੋੜ ਹੈ ਤਾਂ ਕਿਰਪਾ ਕਰਕੇ ਤੁਹਾਡੇ ਬੱਚੇ ਦੇ ਪ੍ਰੀ ਸਕੂਲ ਜਾਂ ਮੁਢਲੀ ਬਚਪਨ ਸੇਵਾਨਾਲ ਸੰਪਰਕ ਕਰੋ। ਜੇ ਤੁਹਾਨੂੰ ਆਪਣੀ ਪੁੱਛਗਿੱਛ ਵਿੱਚ ਸਹਾਇਤਾ ਕਰਨ ਲਈ ਕਿਸੇ ਦੁਭਾਸ਼ੀਏ ਦੀ ਜ਼ਰੂਰਤ ਹੈ ਤਾਂ ਕਿਰਪਾ ਕਰਕੇ 131 450 'ਤੇ ਟੈਲੀਫੋਨ ਇੰਟਰਪ੍ਰੈਟਰ ਸੇਵਾ ਨੂੰ ਫੋਨ ਕਰੋ ਅਤੇ ਤੁਹਾਡੀ ਆਪਣੀ ਭਾਸ਼ਾ ਵਿੱਚ ਦੁਭਾਸ਼ੀਏ ਦੀ ਮੰਗ ਕਰੋ। ਅਪਰੇਟਰ ਤੁਹਾਡੇ ਵਲੋਂ ਦਿੱਤੇ ਗਏ ਨੰਬਰ ਤੇ ਫੋਨ ਕਰਕੇ ਤੁਹਾਡੀ ਪੁੱਛਗਿੱਛ ਵਿੱਚ ਤੁਹਾਡੀ ਮਦਦ ਕਰਨ ਲਈ ਇੱਕ ਦੁਭਾਸ਼ੀਏ ਨੂੰਲਾਈਨ 'ਤੇ ਲਿਆਏਗਾ। ਤੁਹਾਨੂੰ ਇਸ ਸੇਵਾ ਲਈ ਕੋਈ ਭੁਗਤਾਨ ਨਹੀਂ ਕਰਨੀ ਪਵੇਗੀ।



NSW GOVERNMENT

## ਸਕੂਲ ਵਿੱਚ ਸਿਖਿਆ ਲੈਣੀ

ਵਿਦਿਆਰਥੀ ਆਪਣੇ ਵਿਚਾਰਾਂ ਦਾ ਵਿਕਾਸ ਅਤੇ ਪ੍ਰਗਟਾਵਾ ਕਰ ਸਕਦੇ ਹਨ (ਵਿਸ਼ਾ: ਅੰਗਰੇਜ਼ੀ ਅਤੇ ਗਣਿਤ)

ਵਿਦਿਆਰਥੀ ਗਲਬਾਤ ਨੂੰ ਸੁਣ, ਬੋਲ, ਪੜ੍ਹ ਅਤੇ ਲਿਖ ਸਕਦੇ ਹਨ (ਵਿਸ਼ਾਂ: ਅੰਗਰੇਜ਼ੀ ਅਤੇ ਗਣਿਤ)

ਵਿਦਿਆਥੀ ਆਪਣੀ ਰੋਜ਼ਾਨਾ ਜ਼ਿੰਦਗੀ ਵਿੱਚ ਗਣਿਤ ਦੇ ਹੁਨਰਾਂ ਦੀ ਵਰਤੋਂ ਕਰ ਸਕਦੇ ਹਨ (ਵਿਸ਼ਾ: ਗਣਿਤ)

ਵਿਦਿਆਰਥੀ ਦੂਜਿਆਂ ਨਾਲ ਗਲਬਾਤ ਕਰਨ ਲਈ ਸਕੂਲ ਅਤੇ ਆਪਣੀ ਰੋਜ਼ਾਨਾ ਜ਼ਿੰਦਗੀ ਵਿੱਚ ਤਕਨੋਲਜੀ ਦੀ ਵਰਤੋਂ ਕਰ ਸਕਦੇ ਹਨ (ਵਿਸ਼ਾ: ਇਨਫਰਮੇਸ਼ਨ ਐਂਡ ਕਮਯੂਨੀਕੇਸ਼ਨ ਤਕਨੋਲਜੀ)

## ਮੁਢਲੀ ਸਿਖਿਆ

ਬੱਚੇ ਕਹਾਣੀਆਂ ਅਤੇ ਗਾਣੇ ਸੁਣ ਕੇ ਸਮਝ ਸਕਦੇ ਹਨ ਅਤੇ ਉਹ ਖੁਦ ਆਪ ਕਹਾਣੀਆਂ ਅਤੇ ਗਾਣੇ ਲਿਖ ਸਕਦੇ ਹਨ।

ਬੱਚੇ ਆਪਣੇ ਸਭਿਆਚਾਰਾਂ ਅਤੇ ਆਪਣੀਆਂ ਭਾਸ਼ਾਵਾਂ ਵਿੱਚਲੀਆਂ ਕਹਾਣੀਆਂ ਸਾਂਝੀਆਂ ਕਰ ਸਕਦੇ ਹਨ।

ਬੱਚਿਆ ਨੇ ਸੰਗੀਤ, ਰੋਲ ਪਲੇ, ਕਲਾ ਅਤੇ ਨਿਤ੍ਰ ਦੁਆਰਾ ਜੋ ਕੁੱਝ ਸਿਖਿਆ ਹੈ, ਉਸ ਨੂੰ ਸਾਂਝਾ ਕਰ ਸਕਦੇ ਹਨ

ਬੱਚੇ ਜਾਣਦੇ ਹਨ ਕਿ ਉਹ ਆਪਣੀ ਰੋਜ਼ਾਨਾ ਜ਼ਿੰਦਗੀ ਵਿੱਚ ਨੰਬਰ, ਗਿਣਤੀ ਅਤੇ ਮਾਪ ਦੀ ਵਰਤੋਂ ਕਰ ਸਕਦੇ ਹਨ

### ਇੱਕ ਪ੍ਰਭਾਵਸ਼ਾਲੀ ਸੰਚਾਰਕ ਬਣਨ ਦਾ ਮਤਲਬ ਹੈ: